PUNJABI UNIVERSITY PATIALA

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ.: 163 ਕਾਲਜ/ਜ.ਸ-5

ਮਿਤੀ 10.9.2025

**ਵੈੱਬ-ਪੇਜ**

ਯੂਨੀਵਰਸਿਟੀ ਨਾਲ ਸਬੰਧਿਤ
ਕਾਲਜਾਂ ਦੇ ਪ੍ਰਿੰਸੀਪਲ/ਚੇਅਰਮੈਨ ਸਾਹਿਬਾਨਾਂ ਨੂੰ

ਵਿਸ਼ਾ:- **ਅਕਾਦਮਿਕ ਸੈਸ਼ਨ 2025-26 ਲਈ ਐਮ.ਬੀ.ਏ/ਐਮ.ਸੀ.ਏ./ਐਮ.ਕਾਮ/ਐਮ.ਐਸ.ਸੀ./ਐਮ.ਪੀ.ਐੱਡ./ਐਮ. ਐੱਡ. ਅਤੇ ਐਲ.ਐਲ.ਐਮ. (ਕੇਵਲ ਐਮ.ਐਸ.ਸੀ.ਆਈ.ਟੀ. ਕੋਰਸ ਨੂੰ ਛੱਡ ਕੇ) ਕੋਰਸਾਂ ਦੀ, ਕੋਰਸ ਕੰਟੀਨਿਊਸ਼ਨ ਅਤੇ ਕਾਲਜ ਕੰਟੀਨਿਊਸ਼ਨ ਫੀਸਾਂ ਭੇਜਣ ਦੇ ਸਬੰਧ ਵਿੱਚ ਹੈ।**

**ਹਵਾਲਾ:-ਇਹ ਦਫ਼ਤਰ ਵੱਲੋਂ ਜਾਰੀ ਪੱਤਰ ਨੰ. 2198 ਮਿਤੀ 07.08.2025 ਦੇ ਸਬੰਧ ਵਿੱਚ ਹੈ।**

ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਪੰਜਾਬ ਵਿੱਚ ਭਾਰੀ ਮੀਂਹ ਪੈਣ ਕਾਰਣ ਸੂਬੇ ਵਿੱਚ ਪੈਦਾ ਹੋਈ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਪੰਜਾਬ ਸਰਕਾਰ, ਉਚੇਰੀ ਸਿੱਖਿਆ ਤੇ ਭਾਸ਼ਾਵਾਂ ਵਿਭਾਗ (ਸਿੱਖਿਆ-1 ਸ਼ਾਖਾ) ਪਿ.ਅੰ.ਨੰ. HED-EDUIOMISC/52/2023-Sedu/3445 ਮਿਤੀ, ਚੰਡੀਗੜ੍ਹ: 01.09.2025 ਦੀ, ਲੋਅ ਵਿੱਚ ਦਫ਼ਤਰ ਵੱਲੋਂ ਜਾਰੀ ਪੱਤਰ ਨੰ. 2198 ਮਿਤੀ 07.08.2025 ਦੀ ਲਗਾਤਾਰਤਾ ਵਿੱਚ **ਕੇਵਲ ਸੈਸ਼ਨ 2025-26 ਲਈ** ਕੋਰਸ ਕੰਟੀਨਿਊਸ਼ਨ ਅਤੇ ਕਾਲਜ ਕੰਟੀਨਿਊਸ਼ਨ ਫੀਸਾਂ ਬਿਨ੍ਹਾਂ ਲੇਟ ਫੀਸ ਤੋਂ ਭੇਜਣ ਲਈ ਇੱਕ ਮਹੀਨਾ (ਮਿਤੀ 30.09.2025 ਤੱਕ) ਦਾ ਵਾਧਾ ਕੀਤਾ ਜਾਂਦਾ ਹੈ। ਇਸ ਉਪਰੰਤ ਨਿਧਾਰਿਤ ਲੇਟ ਫੀਸ/ਜੁਰਮਾਨੇ ਸਹਿਤ ਜਮ੍ਹਾਂ ਕਰਵਾਉਣ ਦਾ ਸ਼ਡਿਊਲ ਨਿਮਨਲਿਖਤ ਹੈ:-

| | |
|---|---|
| **ਮਿਤੀ 01.10.2025 ਤੋਂ 31.10.2025 ਤੱਕ** | **ਬਣਦੀ ਫੀਸ 10% ਜੁਰਮਾਨੇ ਸਹਿਤ** |
| **ਮਿਤੀ 01.11.2025 ਤੋਂ 30.11.2025 ਤੱਕ** | **ਬਣਦੀ ਫੀਸ 20% ਜੁਰਮਾਨੇ ਸਹਿਤ** |

ਇਸ ਉਪਰੰਤ ਕਾਲਜ/ਕੋਰਸ ਕੰਟੀਨਿਊਸ਼ਨ ਫੀਸ ਮਿਤੀ 30.06.2026 ਤੱਕ ਦੋ ਗੁਣਾਂ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਲਜ ਵਿਰੁੱਧ ਬਣਦੀ ਸਖਤ ਕਰਵਾਈ ਆਰੰਭ ਦਿੱਤੀ ਜਾਵੇਗੀ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜ ਵਲੋਂ ਭੇਜੀਆਂ ਜਾਣ ਵਾਲੀਆਂ ਕੋਰਸ/ਕਾਲਜ ਕੰਟੀਨਿਊਸ਼ਨ ਫੀਸਾਂ ਵੱਖਰੇ-ਵੱਖਰੇ ਆਰ.ਟੀ.ਜੀ.ਐਸ. ਰਾਹੀਂ ਜਮ੍ਹਾਂ ਕਰਵਾਈਆਂ ਜਾਣ ਕਿਉਂਕਿ ਇਕੱਠੀ ਫੀਸ ਭੇਜਣ ਨਾਲ ਦਫ਼ਤਰ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ।

ਉਪਰੋਕਤ ਫੀਸਾਂ ਜਮ੍ਹਾਂ ਕਰਵਾਉਣ ਉਪਰੰਤ ਕਾਲਜ ਦੇ ਲੈਟਰ ਹੈਡ ਜਿਸ ਤੇ ਸਹੀ RTGS/Cheque No/UTR ਲਿਖੇ ਹੋਣ (ਬੈਂਕ ਵਲੋਂ ਪ੍ਰਾਪਤ ਰਸੀਦ ਸਮੇਤ) ਈ.ਮੇਲ./ਹਾਰਡ ਕਾਪੀ ਦਫ਼ਤਰ ਵਿਖੇ ਸਮੇਂ ਸਿਰ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ। ਕਿਉਂਕਿ ਦੇਖਣ ਵਿੱਚ ਆਇਆ ਹੈ ਕਿ ਕੁਝ ਕਾਲਜਾਂ ਵੱਲੋਂ ਸਮੇਂ-ਸਿਰ ਫੀਸ ਤਾਂ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਪ੍ਰੰਤੂ ਦਫ਼ਤਰ ਵਿਖੇ ਜਾਣਕਾਰੀ ਲੇਟ ਭੇਜੀ ਜਾਂਦੀ ਹੈ ਜਿਸ ਨਾਲ ਜੀ.ਐਸ.ਟੀ. ਸਬੰਧੀ ਮੁਸ਼ਕਿਲ ਪੇਸ਼ ਆਉਂਦੀ ਹੈ। ਅਜਿਹਾ ਹੋਣ ਦੀ ਸੂਰਤ ਵਿੱਚ ਜੀ.ਐਸ.ਟੀ. ਸਬੰਧੀ ਕੋਈ ਜੁਮਰਾਨਾ/ਪੈਨਲਟੀ ਲਗਾਈ ਜਾਂਦੀ ਹੈ ਤਾਂ ਇਸਦੀ ਸਾਰੀ ਜਿੰਮੇਵਾਰੀ ਕਾਲਜ ਦੇ ਪ੍ਰਿੰਸੀਪਲ /ਕਾਲਜ ਮੈਨੇਜਮੈਂਟ ਦੀ ਹੋਵੇਗੀ।

ਇਸ ਨੂੰ ਅਤਿ-ਜਰੂਰੀ ਸਮਝਿਆ ਜਾਵੇ ਜੀ।

10/09/2025

ਡੀਨ, ਕਾਲਜ ਵਿਕਾਸ ਕੌਂਸਲ